National Research Journal of Social Sciences
Volume-11, Issue-1, January-June 2026
PP: 337-341
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਥੀਮਕ ਅਧਿਐਨ

**ਅਮਰਿੰਦਰ ਕੌਰ**

ਅਸਿਸਟੈਂਟ ਪ੍ਰੋਫੈਸਰ
ਪੰਜਾਬੀ ਵਿਭਾਗ, ਖ਼ਾਲਸਾ ਕਾਲਜ ਫ਼ਾਰ ਵਿਮੈਨ, ਸਿਵਿਲ ਲਾਈਨਜ਼, ਲੁਧਿਆਣਾ

**ਸਾਰੰਸ਼**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਧਾਰਮਿਕ ਤੇ ਦਾਰਸ਼ਨਿਕ ਸਾਹਿਤ ਵਿੱਚ ਅਤਿ ਮਹੱਤਵਪੂਰਨ ਸਥਾਨ ਰੱਖਦੀ ਹੈ। ਇਹ ਖੋਜ ਪੱਤਰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਥੀਮਕ ਅਧਿਐਨ ਪੇਸ਼ ਕਰਦਾ ਹੈ ਜਿਸਦਾ ਕੇਂਦਰ ਉਨ੍ਹਾਂ ਦੀ ਬਾਣੀ ਵਿੱਚ ਨਿਹਿੱਤ ਆਤਮਕ ਅਤੇ ਦਾਰਸ਼ਨਿਕ ਸੰਕਲਪ ਹਨ। ਅਧਿਐਨ ਵਿੱਚ ਸੰਸਾਰ ਦੀ ਨਾਸ਼ਮਾਨਤਾ, ਵੈਰਾਗ, ਮੁਕਤੀ, ਨਾਮ ਸਿਮਰਨ, ਅਹੰਕਾਰ, ਤਿਆਗ ਅਤੇ ਨਿਰਭਉਤਾ ਵਰਗੇ ਮੁੱਖ ਵਿਸ਼ਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖ ਨੂੰ ਮੋਹ-ਮਾਇਆ ਦੀ ਅਸਥਿਰਤਾ ਨਾਲ ਸਾਖਸ਼ਾਤ ਕਰਵਾਉਂਦੀ ਹੈ ਅਤੇ ਆਤਮਕ ਜਾਗਰੂਕਤਾ ਵੱਲ ਪ੍ਰੇਰਿਤ ਕਰਦੀ ਹੈ। ਗੁਰੂ ਜੀ ਮੁਕਤੀ ਨੂੰ ਮੌਤ ਉਪਰੰਤ ਪ੍ਰਾਪਤੀ ਦੀ ਥਾਂ ਜੀਵਨ-ਮੁਕਤੀ ਦੇ ਰੂਪ ਵਿੱਚ ਦਰਸਾਉਂਦੇ ਹਨ ਜੋ ਨਾਮ ਸਿਮਰਨ ਅਤੇ ਵੈਰਾਗ ਰਾਹੀਂ ਸੰਭਵ ਹੈ। ਇਹ ਅਧਿਐਨ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਅਤੇ ਸ਼ਬਦਾਂ ਦੇ ਗੁਣਾਤਮਕ ਵਿਸ਼ਲੇਸ਼ਣ 'ਤੇ ਆਧਾਰਿਤ ਹੈ।

ਮੁੱਖ ਸ਼ਬਦ- ਥੀਮਕ ਅਧਿਐਨ, ਨਾਸ਼ਮਾਨਤਾ, ਵੈਰਾਗ, ਮੁਕਤੀ, ਨਾਮ ਸਿਮਰਨ, ਮੋਹ- ਮਾਇਆ।

ਕਿਸੇ ਸਾਹਿਤਿਕ ਰਚਨਾ ਜਾਂ ਧਾਰਮਿਕ ਬਾਣੀ ਵਿੱਚ ਅਨੇਕਾ ਭਾਵ ਹੁੰਦੇ ਹਨ ਪਰ ਇੱਕ ਮੁੱਖ ਕੇਂਦਰੀ ਵਿਚਾਰ ਵੀ ਹੁੰਦਾ ਹੈ ਜੋ ਰਚਨਾ ਦੇ ਸਮੁੱਚੇ ਭਾਵ ਸੰਦੇਸ਼ ਅਤੇ ਦਰਸ਼ਨ ਨੂੰ ਇਕਸਾਰ ਰੂਪ ਵਿੱਚ ਜੋੜਦਾ ਹੈ। ਪੰਜਾਬੀ ਵਿੱਚ ਥੀਮ ਸ਼ਬਦ ਦੀ ਪਰਿਭਾਸ਼ਾ ਕਰਦਿਆਂ ਡਾ. ਰਤਨ ਸਿੰਘ ਜੱਗੀ ਲਿਖਦੇ ਹਨ :-

"ਇਹ ਅੰਗ੍ਰੇਜ਼ੀ ਦਾ ਸ਼ਬਦ ਹੈ, ਅਤੇ ਸਾਹਿਤ,ਕਲਾ,ਚਿੰਤਨ ਦੇ ਖੇਤਰਾਂ ਵਿੱਚ ਵਿੱਚ ਵਿਸ਼ੇ ਵਸਤੂ ਦੇ ਮੂਲ ਸਰੋਤਾਂ ਲਈ ਵਰਤਿਆ ਜਾਂਦਾ ਹੈ.ਹਿੰਦੀ ਵਾਲਿਆਂ ਨੇ ਥੀਮ ਨੂੰ ਕਥਾਸੂਤ੍ਰ ਦਾ ਨਾਂ ਦਿੱਤਾ ਹੈ ।ਥੀਮ ਦਾ ਸੰਬੰਧ ਹਰ ਕਾਲ ਦੀਆਂ ਪ੍ਰਵਿਰਤੀਆਂ ਉੱਤੇ ਨਿਰਭਰ ਕਰਦਾ ਹੈ ।ਮੱਧਕਾਲ ਦਾ ਬਹੁਤਾ ਸਾਹਿਤ ਧਾਰਮਿਕ ਭਾਵਨਾ ਵਾਲੀ ਥੀਮ ਦੀ ਪ੍ਰਤਿਨਿਧਤਾ ਕਰਦਾ ਹੈ"।

ਥੀਮ ਸ਼ਬਦ ਲਈ ਭਾਵੇਂ ਸਾਰ ,ਸੰਦੇਸ਼ ,ਕਥਨ,ਵਿਸ਼ਾ,ਵਿਆਖਿਆ, ਉਦੇਸ਼ ਆਦਿ ਸ਼ਬਦਾਂ ਦੀ ਵਰਤੋਂ ਕਰ ਲਈ ਜਾਂਦੀ ਹੈ ਪਰ ਥੀਮ ਦਾ ਸਿੱਧਾ ਸਬੰਧ ਮੁੱਖ ਕੇਂਦਰੀ ਵਿਚਾਰ ਨਾਲ ਹੈ ਜੋ ਰਚਨਾ ਦੇ ਆਰ ਪਾਰ ਸ਼ੁਰੂ ਤੋਂ ਲੈ ਕੇ ਅੰਤ ਤੱਕ ਮੌਜੂਦ ਰਹਿੰਦਾ ਹੈ। ਇਸ ਤਰ੍ਹਾਂ ਥੀਮ ਕਿਸੇ ਸਾਹਿਤਕ ਰਚਨਾ ਦੇ ਜੁਜ਼ਾਂ ਨੂੰ ਇਕਸਾਰਤਾ ਪ੍ਰਦਾਨ ਕਰਦਾ ਹੈ।ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸੰਦਰਭ ਵਿੱਚ ਥੀਮ ਜਾਂ ਕੇਂਦਰੀ ਵਿਚਾਰ ਉਹ ਹਨ ਜਿਨਾਂ ਰਾਹੀਂ ਗੁਰੂ ਜੀ ਮਨੁੱਖ ਨੂੰ ਸੰਸਾਰਿਕ ਜੀਵਨ ਦੀ ਨਾਸ਼ਵਾਨਤਾ ਅਤੇ ਆਤਮਿਕ ਮੁਕਤੀ ਦੇ ਮਾਰਗ ਵੱਲ ਪ੍ਰੇਰਿਤ ਕਰਦੇ ਹਨ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਲੇ ਵਿਚਾਰ ਸਿਰਫ਼ ਉਪਦੇਸ਼ਾਤਮਕ ਨਹੀਂ ਸਗੋਂ ਗੁਰੂ ਜੀ ਦੇ ਅਨੁਭਵਾਂ, ਤਿਆਗਮਈ ਜੀਵਨ ਅਤੇ ਉੱਚ ਆਤਮਿਕ ਚੇਤਨਾ ਦੀ ਅਭਿਵਿਅਕਤੀ ਹਨ। ਉਹਨਾਂ ਦੀ ਬਾਣੀ ਵਿੱਚ ਵੈਰਾਗ ਨਾਮ ਸਿਮਰਨ ਮੋਹ- ਮਾਇਆ ਦੀ ਨਿੰਦਾ, ਦੁੱਖ-ਸੁੱਖ ਦੀ ਮਮਤਾ, ਮਨੁੱਖੀ ਅਹੰਕਾਰ ਦਾ ਤਿਆਗ ਅਤੇ ਪਰਮਾਤਮਾ ਨਾਲ ਇਕਮਿਕਤਾ ਵਰਗੇ ਪ੍ਰਮੁੱਖ ਵਿਸ਼ੇ ਹਨ ਜੋ ਮਨੁੱਖੀ ਜੀਵਨ ਦੀ ਅਸਥਿਰਤਾ ਨੂੰ ਉਜਾਗਰ ਕਰਦੇ ਹੋਏ ਆਤਮਿਕ ਸੰਤੁਲਨ ਅਤੇ ਨੈਤਿਕ ਜੀਵਨ ਦਾ ਸੰਦੇਸ਼ ਦਿੰਦੇ ਹਨ।

ਗੁਰੂ ਤੇਗ ਬਹਾਦਰ ਜੀ ਨੇ ਮਨ ਦੀ ਚੰਚਲਤਾ ਪ੍ਰਬਲਤਾ ਤੇ ਦੁਸ਼ਟਤਾ ਦਾ ਚਿਤਰਨ ਕਰਦਿਆਂ ਇਹਨਾਂ ਦਾ ਤਿਆਗ ਕਰਕੇ ਨਾਮ ਸਿਮਰਨ ਗੁਰੂ ਭਗਤੀ ਰਾਹੀ ਆਤਮ ਸਰੂਪ ਵਿੱਚ ਲੀਨ ਹੋਣ ਦੀ ਗੱਲ ਕੀਤੀ ਹੈ ਪਰ ਮਨੁੱਖ ਦਾ ਮਨ ਅਜਿਹਾ ਹੈ ਕਿ ਸਭ ਕੁਝ ਜਾਣਦੇ ਹੋਏ ਵੀ ਭਟਕਣਾ ਵਿੱਚ ਲੱਗਾ ਰਹਿੰਦਾ ਹੈ ਜਿਸ ਗੱਲ ਦੀ ਸਪਸ਼ਟਤਾ ਇਸ ਸ਼ਬਦ ਰਾਹੀਂ ਹੁੰਦੀ ਹੈ-

ਮਾਈ ਮਨ ਮੇਰੋ ਬਸਿ ਨਾਹਿ

ਨਿਸ ਬਾਸੁਰ ਬਿਖਿਆਨ ਕਉ ਧਾਵਤ ਕਿਹ ਬਿਧਿ ਰੋਕਉ ਤਾਹਿ। ਰਹਾਉ.

ਬੇਦ ਪੁਰਾਨ ਸਿਮ੍ਰਿਤ ਕੇ ਮਤ ਸੁਨ ਨਿਮਖ ਨ ਹੀਏ ਬਸਾਵੈ

ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮ ਸਿਰਾਵੈ ।

ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਿਛੁ ਗਿਆਨਾ

ਘਟ ਹੀ ਭੀਤਰ ਬਸਤ ਨਿਰੰਜਨ ਤਾਕੋ ਮਰਮੁ ਨ ਜਾਨਾ


© Copyright @ Authors

ਜਬ ਹੀ ਸਰਨ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ

ਤਬ ਨਾਨਕ ਚੇਤਿਓ ਚਿੰਤਾਮਨ ਕਾਟੀ ਜਮ ਕੀ ਫਾਸੀ2

ਮਨੁੱਖ ਦਾ ਮਨ ਵਸ ਵਿੱਚ ਨਹੀਂ ਆਉਂਦਾ। ਆਪਣੇ ਚੰਚਲ ਸੁਭਾਅ ਕਾਰਨ ਕਦੇ ਨਾ ਖਤਮ ਹੋਣ ਵਾਲੀਆਂ ਇੱਛਾਵਾਂ ਵਿੱਚ ਫਸ ਜਾਂਦਾ ਹੈ। ਇੱਛਾਵਾਂ ਨੂੰ ਪੂਰਾ ਕਰਨ ਦੀ ਦੌੜ ਵਿੱਚ ਟਿਕਦਾ ਨਹੀਂ। ਮਨੁੱਖੀ ਮਨ ਵਿੱਚ ਅੰਦਰ ਗੁੱਸਾ ਵੀ ਇੰਨਾ ਜਿਆਦਾ ਹੈ ਕਿ ਆਪਣੀ ਸੁੱਧ ਬੁੱਧ ਗੁਆ ਬੈਠਦਾ ਹੈ। ਮਨ ਵਿੱਚ ਲਾਲਸਾ ਅਤੇ ਕ੍ਰੋਧ ਵਰਗੇ ਵਿਕਾਰਾਂ ਕਾਰਨ ਹੀ ਅਸੀਂ ਨਾਮ ਸਿਮਰਨ ਤੋਂ ਦੂਰ ਹੋ ਜਾਂਦੇ ਹਾਂ। ਗੁਰੂ ਜੀ ਫਰਮਾਉਂਦੇ ਹਨ :-

ਸਾਧੋ ਇਹੁ ਮਨੁ ਗਹਿਓ ਨ ਜਾਈ।।

ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰ ਨ ਰਹਾਈ।। ਰਹਾਉ

ਕਠਿਨ ਕ੍ਰੋਧ ਘਟ ਹੀ ਕੇ ਭੀਤਰਿ ਜਿਹੁ ਸੁਧਿ ਸਭ ਬਿਸਰਾਈ।।

ਰਤਨ ਗਿਆਨ ਸਭ ਕੋ ਹਰਿ ਲੀਨਾ ਤਾ ਸਿਉ ਕਛੁ ਨ ਬਸਾਈ।।3

ਮਨ ਦੀ ਇਸ ਚੰਚਲ ਪ੍ਰਕਿਰਤੀ ਨੂੰ ਗੁਰੂ ਤੇਗ ਬਹਾਦਰ ਜੀ ਨੇ ਗਹਿਰਾਈ ਨਾਲ ਵਿਸ਼ਲੇਸ਼ਤਿ ਕੀਤਾ ਹੈ। ਉਹਨਾਂ ਅਨੁਸਾਰ ਮਨ ਮਾਇਆ ਵਿਕਾਰਾਂ ਅਤੇ ਇੰਦਰੀ ਸੁੱਖਾਂ ਵੱਲ ਜਲਦੀ ਆਕਰਸ਼ਤਿ ਹੋ ਜਾਂਦਾ ਹੈ। ਇਹ ਚੰਚਲਤਾ ਮਨੁੱਖ ਨੂੰ ਸੱਚ ਸੰਤੋਖ ਤੋਂ ਦੂਰ ਕਰ ਦਿੰਦੀ ਹੈ। ਇਸੇ ਸੰਦਰਭ ਵਿੱਚ ਡਾਕਟਰ ਮਹਿੰਦਰ ਕੌਰ ਦੇ ਵਿਚਾਰ :-

"ਗੋਬਿੰਦ ਦੇ ਗੁਣਨਵਾਦ ਤੋਂ ਬਿਨਾਂ ਮਨੁੱਖੀ ਜੀਵਨ ਨਿਸਫ਼ਲ ਹੈ। ਮਨੁੱਖ ਜੋਬਨ ਅਵਸਥਾ ਵਿੱਚ ਵਿਸ਼ਿਆਂ ਵਿੱਚ ਪ੍ਰਵਿਰਤਿਤ ਹੋ ਜਾਂਦਾ ਹੈ ਤੇ ਇਸੇ ਅਵਸਥਾ ਵਿੱਚ ਵਿਚਰਦਿਆਂ ਬਿਰਧ ਆਰਜਾ ਆਰੰਭ ਹੋ ਜਾਂਦੀ ਹੈ ਤੇ ਅੰਤ ਇਸੇ ਹਾਲਤ ਵਿੱਚ ਹੀ ਮਨੁੱਖ ਦਾ ਜੀਵਨ ਸਮਾਪਤ ਹੋ ਜਾਂਦਾ ਹੈ"।[4]

ਵਿਕਾਰਾਂ ਵਿੱਚ ਗ੍ਰਸਤ ਹੋਏ ਮਨ ਦੀ ਭਟਕਣਾ ਅਤੇ ਚੰਚਲਤਾ ਦਾ ਚਿਤਰਨ ਕਰਨ ਦੇ ਨਾਲ ਨਾਲ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਰਾਹੀਂ ਨਾਮ ਦੇ ਜਾਪ ਤੇ ਜ਼ੋਰ ਦਿੰਦਿਆਂ ਮਨੁੱਖੀ ਜੀਵਨ ਦਾ ਮਾਰਗ ਦਰਸ਼ਨ ਕੀਤਾ ਹੈ। ਮਨੁੱਖੀ ਜੀਵਨ ਦਾ ਪਰਮ ਉਦੇਸ਼ ਵੀ ਆਤਮਕ ਖੋਜ ਹੀ ਹੈ ਪਰ ਸੰਸਾਰ ਇਕ ਮੋਹ ਮਾਇਆ ਦੀ ਲਾਲਸਾ ਵਿੱਚ ਉਹ ਇਸ ਉਦੇਸ਼ ਦੀ ਪ੍ਰਾਪਤੀ ਲਈ ਸਹੀ ਰਸਤਾ ਚੁਣਨ ਸਮੇਂ ਮਨ ਤੋਂ ਬਹੁਤ ਕਮਜ਼ੋਰ ਹੋ ਚੁੱਕਾ ਹੁੰਦਾ ਹੈ। ਪਰ ਗੁਰੂ ਜੀ ਸੰਸਾਰਿਕ ਮੋਹ ਮਾਇਆ ਨਿੰਦਾ ਚੁਗਲੀ ਸੁਖ- ਦੁਖ ਆਦਿ ਭਿੰਨ ਪ੍ਰਸਥਿਤੀਆਂ ਤੋਂ ਨਿਰਲੇਪ ਰਹਿਣ ਲਈ ਨਾਮ ਦੇ ਜਾਪ ਤੇ ਜ਼ੋਰ ਦਿੰਦੇ ਹਨ। ਉਹ ਫਰਮਾਉਂਦੇ ਹਨ :-

ਗਉੜੀ ਮਹਲਾ 9

ਸਾਧੋ ਗੋਬਿੰਦ ਕੇ ਗੁਨ ਗਾਵਉ।

ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ।ਰਹਾਉ।

ਪਤਤਿ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ

ਗਜ ਕੋ ਤ੍ਰਾਸ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ। 1।

ਤਜਿ ਅਭਿਮਾਨ ਮੋਹੁ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ

ਨਾਨਕ ਕਹਿਤ ਮੁਕਤਿ ਪੰਥ ਇਹ ਗੁਰਮੁਖਿ ਹੋਇ ਤੁਮ ਪਾਵਉ॥[5]

ਮਨੁੱਖ ਮਾਇਆ ਦੇ ਮੋਹ ਵਿੱਚ ਪੈ ਕੇ ਆਪਣੇ ਅੰਦਰ ਹਉਮੈ ਨੂੰ ਜਗਾ ਲੈਂਦਾ ਹੈ। ਅਹੰਕਾਰ ਦੇ ਵਿੱਚ ਉਹ ਅਨੇਕਾਂ ਸੰਕਟਾਂ ਨੂੰ ਆਪਣੇ ਵੱਲ ਬੁਲਾਉਂਦਾ ਹੈ ਅਤੇ ਅਹੰਕਾਰ ਦੇ ਬੰਧਨ ਵਿੱਚ ਬੱਝੇ ਹੋਣ ਕਰਕੇ ਉਹ ਚੰਗੇ ਅਤੇ ਮਾੜੇ ਕਰਮਾਂ ਵਿੱਚ ਫ਼ਰਕ ਕਰਨ ਦੀ ਸੋਝੀ ਗੁਆ ਬੈਠਦਾ ਹੈ ਅਤੇ ਨਾਮ ਤੋਂ ਦੂਰ ਹੁੰਦਿਆਂ ਮੁਕਤੀ ਦੇ ਮਾਰਗ ਦੀ ਪ੍ਰਾਪਤੀ ਦੀ ਬਜਾਏ ਅਨੇਕਾਂ ਜੂਨਾਂ ਭੋਗਦਾ ਰਹਿੰਦਾ ਹੈ। ਗੁਰੂ ਜੀ ਨੇ ਇਸੇ ਹਉਮੈ ਦੇ ਤਿਆਗ ਤੇ ਜ਼ੋਰ ਦਿੰਦਿਆਂ ਕਿਹਾ ਹੈ :-

ਜਿਹ ਪ੍ਰਾਨੀ ਹਉਮੈ ਤਜੀ,ਕਰਤਾ ਰਾਮ ਪਛਾਨਿ

ਕਹੁ ਨਾਨਕ ਵਹੁ ਮੁਕਿਤ ਨਰੁ ਇਹ ਮਨ ਸਾਚੀ ਮਾਨ॥

ਜੋ ਪ੍ਰਾਨੀ ਮਮਤਾ ਤਜੈ, ਲੋਭ ਮੋਹ ਅਹੰਕਾਰ

ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥[6]

ਸੰਸਾਰਿਕ ਪਦਾਰਥਾਂ ਦੀ ਖਿੱਚ ਵਿੱਚ ਮਨੁੱਖ ਮਹਿਲ- ਮੁਨਾਰੇ ਅਨੇਕਾਂ ਸੁੱਖ ਸਹੂਲਤਾਂ ਇਕੱਠੀਆਂ ਕਰਦਾ ਹੈ। ਇਹ ਸਭ ਕਰਦਿਆਂ ਵੀ ਉਹ ਆਪਣੀ ਇੱਛਾਵਾਂ ਨੂੰ ਪੂਰੀ ਤਰ੍ਹਾਂ ਤ੍ਰਿਪਤ ਨਹੀਂ ਕਰ ਪਾਉਂਦਾ ਸਗੋਂ ਕਾਮ, ਕ੍ਰੋਧ,ਲੋਭ, ਮੋਹ ਅਤੇ ਹੰਕਾਰ ਪੰਜ ਵਿਕਾਰਾਂ ਦੀ ਕੈਦ ਵਿੱਚ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗ੍ਰਿਫਤਾਰ ਹੋ ਜਾਂਦਾ ਹੈ। ਜਿਸ ਕਾਰਨ ਉਹ ਪਰਮਾਤਮਾ ਦੇ ਨਾਮ ਤੋਂ ਵਾਂਝਾ ਹੀ ਮਨੁੱਖੀ ਜੀਵਨ ਦੇ ਅਸਲ ਉਦੇਸ਼ ਨੂੰ ਪੂਰਾ ਨਹੀਂ ਕਰ ਪਾਉਂਦਾ। ਗੁਰੂ ਜੀ ਨੇ ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਮਨੁੱਖ ਨੂੰ ਸੰਸਾਰਿਕ ਪਦਾਰਥਾਂ ਦੇ ਮਾਇਆ ਜਾਲ ਵਿੱਚੋਂ ਬਾਹਰ ਕੱਢਣ ਦੀ ਕੋਸ਼ਿਸ਼ ਜਾਰੀ ਰੱਖਦਿਆਂ ਇਹਨਾਂ ਸੰਸਾਰਿਕ ਪਦਾਰਥਾ ਦੀ ਅਸਥਿਰਤਾ ਦੇ ਵਿਸ਼ੇਸ਼ ਤੇ ਚਾਨਣਾ ਪਾਉਂਦਿਆਂ ਫਰਮਾਇਆ ਹੈ ਕਿ

ਜਗਤ ਮਹਿ ਝੂਠੀ ਦੇਖੀ ਪ੍ਰੀਤਿ।।

ਆਪਨੇ ਹੀ ਸੁਖ ਸਿਉ ਸਭ ਲਾਗੈ ਕਿਆ ਦਾਰਾ ਕਿਆ ਮੀਤ।। ਰਹਾਉ।।

ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤੁ॥

ਅੰਤ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ॥

ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ॥

ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ॥[7]

ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸ਼ਬਦਾਂ ਅਤੇ ਸਲੋਕਾਂ ਰਾਹੀਂ ਸੰਸਾਰਿਕ ਨਾਸ਼ਮਾਨਤਾ ਦੇ ਵਿਸ਼ੇ ਨੂੰ ਇੱਕ ਕਾਵਿਕ ਅਤੇ ਗਹਿਰੀ ਦਾਰਸ਼ਨਿਕ ਪਹੁੰਚ ਵਜੋਂ ਪੇਸ਼ ਕੀਤਾ ਹੈ। ਸੰਸਾਰ ਦੀ ਅਸਥਿਰਤਾ, ਮਾਇਆ ਦੀ ਝੂਠੀ ਚਮਕ ਅਤੇ ਮਨੁੱਖੀ ਹੰਕਾਰ ਦੀ ਨਾਸ਼ਵਾਨਤਾ ਨੂੰ ਸਪਸ਼ਟ ਕੀਤਾ ਹੈ। ਇਸੇ ਸੰਦਰਭ ਵਿੱਚ ਗੁਰੂ ਜੀ ਫਰਮਾਉਂਦੇ ਹਨ ਕਿ...

ਸਾਧੋ ਰਚਨਾ ਰਾਮਿ ਬਨਾਈ ॥

ਇਕੁ ਬਿਨਸੈ ਇਕੁ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ ਰਹਾਉ ॥

ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥

ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥੧॥

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥

ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥[8]

ਸੰਸਾਰ ਨੂੰ ਸੁਪਨੇ, ਓਂਸ ਜਾਂ ਬੁਲਬੁਲੇ ਨਾਲ ਤੁਲਨਾ ਕੀਤੀ ਗਈ ਹੈ ਜੋ ਪਲ ਭਰ ਲਈ ਦਿਖਾਈ ਦਿੰਦਾ ਹੈ ਪਰ ਟਿਕਦਾ ਨਹੀਂ। ਪ੍ਰਤੀਕਾਤਮਕ ਭਾਸ਼ਾ ਰਾਹੀਂ ਗੁਰੂ ਜੀ ਮਨੁੱਖ ਨੂੰ ਆਤਮ- ਚਿੰਤਨ ਵੱਲ ਮੋੜਦੇ ਹਨ ਅਤੇ ਸਮਝਾਉਂਦੇ ਹਨ ਕਿ ਸੱਚੀ ਸਥਿਰਤਾ ਕੇਵਲ ਪਰਮਾਤਮਾ ਦੇ ਨਾਮ ਵਿੱਚ ਹੈ। ਸੰਸਾਰਿਕ ਸਫ਼ਲਤਾ ਅਤੇ ਭੌਤਿਕ ਸੁਖ ਅਸਲ ਮਕਸਦ ਨਹੀਂ। ਇਹ ਮਨ ਨੂੰ ਭਟਕਾਉਣ ਵਾਲੇ ਸਾਧਨ ਹਨ। ਜਿਸ ਦੀ ਸਪੱਸ਼ਟਤਾ ਇਹਨਾਂ ਸਤਰਾਂ ਤੋਂ ਹੁੰਦੀ ਹੈ ਕਿ...

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥

ਇਨ ਮਹਿ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥[9]

ਮਾਇਆ ਆਪਣੇ ਆਪ ਵਿੱਚ ਕੋਈ ਅਸਲੀ ਸੱਤਾ ਨਹੀਂ ਬਲਕਿ ਇਹ ਮਨ ਦੀ ਉਹ ਅਵਸਥਾ ਹੈ ਜੋ ਮਨੁੱਖ ਨੂੰ ਨਾਸ਼ਵੰਤ ਸੰਸਾਰ ਨਾਲ ਜੋੜ ਦਿੰਦੀ ਹੈ। ਧਨ, ਪਦ, ਸ਼ਕਤੀ, ਰੂਪ ਅਤੇ ਰਿਸ਼ਤਿਆਂ ਨਾਲ ਅਤਿ-ਮੋਹ ਮਨੁੱਖ ਦੇ ਮਨ ਨੂੰ ਅੰਨ੍ਹਾ ਕਰ ਦਿੰਦਾ ਹੈ, ਜਿਸ ਕਰਕੇ ਉਹ ਪਰਮਾਤਮਾ ਨੂੰ ਭੁੱਲ ਜਾਂਦਾ ਹੈ। ਗੁਰੂ ਜੀ ਸਪਸ਼ਟ ਕਰਦੇ ਹਨ ਕਿ ਇਹ ਮੋਹ ਪਲ-ਭਰ ਦੀ ਖੁਸ਼ੀ ਦੇ ਕੇ ਆਖਿਰਕਾਰ ਦੁੱਖ, ਭਰਮ ਅਤੇ ਆਤਮਿਕ ਪਤਨ ਵੱਲ ਲੈ ਜਾਂਦਾ ਹੈ.

ਮਨ ਰੇ ਕਹਾ ਭਇਓ ਤੈ ਬਉਰਾ ॥

ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ॥੧॥ ਰਹਾਉ ॥

ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ ॥

ਇਨ ਮਹਿ ਕਛੁ ਤੇਰੋ ਰੇ ਨਾਹਿਨ ਦੇਖਹੁ ਸੋਚਿ ਬਿਚਾਰੀ ॥੧॥

ਰਤਨੁ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ ॥

ਨਿਮਖ ਨ ਲੀਨ ਭਇਓ ਚਰਨਨ ਸਿਉ ਬਿਰਥਾ ਅਉਧ ਸਿਰਾਨੀ ॥[10]


© Copyright @ Authors

ਮਨੁੱਖ ਇਸ ਮਾਇਆ ਜਾਲ ਵਿੱਚ ਫਸ ਕੇ ਨਾਸ਼ਵੰਤ ਚੀਜ਼ਾਂ ਨੂੰ ਸਦਾ ਕਾਇਮ ਸਮਝਣ ਲੱਗ ਪੈਂਦਾ ਹੈ ਪਰ ਜਦੋਂ ਮੌਤ ਜਾਂ ਵਿਛੋੜਾ ਆਉਂਦਾ ਹੈ ਤਾਂ ਇਹ ਸਾਰਾ ਮੋਹ ਛਿਨ ਵਿੱਚ ਟੁੱਟ ਜਾਂਦਾ ਹੈ। ਇਸ ਲਈ ਗੁਰੂ ਜੀ ਮਾਇਆ ਨੂੰ "ਛਲ" ਅਤੇ "ਝੂਠੀ ਚਮਕ" ਕਹਿ ਕੇ ਸੁਚੇਤ ਕਰਦੇ ਹਨ। ਗੁਰੂ ਤੇਗ ਬਹਾਦਰ ਜੀ ਸੰਸਾਰ ਤਿਆਗ ਦੀ ਗੱਲ ਨਹੀਂ ਕਰਦੇ ਸਗੋਂ ਮੋਹ ਤਿਆਗ ਦੀ ਸਿੱਖਿਆ ਦਿੰਦੇ ਹਨ। ਸੰਸਾਰ ਵਿੱਚ ਰਹਿੰਦੇ ਹੋਏ ਨਿਰਲੇਪ ਜੀਵਨ, ਸਹਿਜ ਅਵਸਥਾ ਅਤੇ ਨਾਮ ਸਿਮਰਨ ਰਾਹੀਂ ਹੀ ਮੋਹ ਮਾਇਆ ਤੋਂ ਮੁਕਤੀ ਸੰਭਵ ਹੈ। ਜਿਹੜਾ ਮਨੁੱਖ ਪ੍ਰਭੂ ਦੇ ਨਾਮ ਨਾਲ ਜੁੜਦਾ ਹੈ ਉਸ ਲਈ ਮਾਇਆ ਸੇਵਕ ਬਣ ਜਾਂਦੀ ਹੈ, ਮਾਲਕ ਨਹੀਂ। ਇਸ ਗੱਲ ਦੀ ਸਪਸ਼ਟਤਾ ਇਨ੍ਹਾਂ ਸਤਰਾਂ ਰਾਹੀਂ ਹੁੰਦੀ ਹੈ-

ਮਨ ਕੀ ਮਨ ਹੀ ਮਾਹਿ ਰਹੀ ॥
ਨਾ ਹਰਿ ਭਜੈ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥੧॥ਰਹਾਉ ॥
ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ ॥
ਅਵਰ ਸਗਲ ਮਿਥਿਆ ਏ ਜਾਨਹੁ ਭਜਨੁ ਰਾਮ ਕੋ ਸਹੀ ॥੧॥
ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥
ਨਾਨਕੁ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥[11]

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥
ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰਿਧਾਰੋ ॥੧॥ ਰਹਾਉ ॥
ਅਟਲੁ ਭਇਓ ਧ੍ਰੂਅ ਜਾ ਕੈ ਸਿਮਰਿਨ ਅਰੁ ਨਿਰਭੈ ਪਦੁ ਪਾਇਆ ॥
ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥੧॥
ਜਬ ਹੀ ਸਰਨਿ ਗਹੀ ਕਿਰਪਾਨਿਧਿ ਗਜ ਗਰਾਹ ਤੇ ਛੂਟਾ ॥
ਮਹਿਮਾ ਨਾਮ ਕਹਾ ਲਉ ਬਰਨਉ ਰਾਮੁ ਕਹਤ ਬੰਧਨ ਤਿਹ ਤੂਟਾ ॥੨॥
ਅਜਾਮਲੁ ਪਾਪੀ ਜਗੁ ਜਾਨੈ ਨਿਮਖ ਮਾਹਿ ਨਿਸਤਾਰਾ ॥
ਨਾਨਕ ਕਹਤੁ ਚੇਤਿ ਚਿੰਤਾਮਨਿ ਤੈ ਭੀ ਉਤਰਸਿ ਪਾਰਾ ॥[12]

ਨਾਮ ਦਾ ਜਾਪ ਮਨ ਨੂੰ ਇਕਾਗਰ ਕਰਦਾ ਹੈ ਅਤੇ ਜੀਵ ਨੂੰ ਅਹੰਕਾਰ, ਕਾਮ, ਕ੍ਰੋਧ, ਲੋਭ ਅਤੇ ਮੋਹ ਵਰਗੀਆਂ ਵਿਕਾਰਾਂ ਤੋਂ ਮੁਕਤ ਕਰਦਾ ਹੈ। ਨਾਮ ਮਨੁੱਖ ਨੂੰ ਅੰਦਰੂਨੀ ਸ਼ਾਂਤੀ, ਧੀਰਜ ਅਤੇ ਆਤਮਿਕ ਬਲ ਪ੍ਰਦਾਨ ਕਰਦਾ ਹੈ।ਗੁਰੂ ਤੇਗ ਬਹਾਦਰ ਜੀ ਸੰਸਾਰ ਨੂੰ ਨਾਸ਼ਵਾਨ ਮੰਨਦੇ ਹੋਏ ਉਪਦੇਸ਼ ਦਿੰਦੇ ਹਨ ਕਿ ਜੋ ਮਨੁੱਖ ਨਾਮ ਨਾਲ ਜੁੜ ਜਾਂਦਾ ਹੈ, ਉਹ ਅਸਲ ਵਿੱਚ ਦੁੱਖ-ਸੁਖ ਦੀ ਦੋਹਰੀ ਅਵਸਥਾ ਤੋਂ ਪਾਰ ਹੋ ਸਕਦਾ ਹੈ। ਉਨ੍ਹਾਂ ਦੀ ਬਾਣੀ ਵਿੱਚ ਇਹ ਵੀ ਸਪਸ਼ਟ ਹੈ ਕਿ ਸਿਰਫ਼ ਬਾਹਰੀ ਕਰਮਕਾਂਡ ਜਾਂ ਪਾਖੰਡ ਮਨੁੱਖ ਨੂੰ ਮੁਕਤੀ ਨਹੀਂ ਦੇ ਸਕਦੇ। ਸੱਚੀ ਭਗਤੀ ਉਹ ਹੈ ਜੋ ਅੰਦਰੋਂ ਉਪਜੇ ਅਤੇ ਨਾਮ ਦੇ ਅਭਿਆਸ ਰਾਹੀਂ ਪਰਮਾਤਮਾ ਨਾਲ ਸਾਂਝ ਬਣਾਏ।

ਪਾਪੀ ਹੀਐ ਮਹਿ ਕਾਮੁ ਬਸਾਇ ॥
ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ਰਹਾਉ ॥
ਜੋਗੀ ਜੰਗਮ ਅਰੁ ਸੰਨਿਆਸ ॥
ਸਭ ਹੀ ਪਰਿ ਡਾਰੀ ਇਹ ਫਾਸ ॥੧॥
ਜਿਹਿ ਜਿਹਿ ਰਗਿ ਕੋ ਨਾਮੁ ਸਮਾਰਿ ॥
ਤੇ ਭਵ ਸਾਗਰ ਉਤਰੇ ਪਾਰਿ ॥੨॥
ਜਨ ਨਾਨਕ ਹਰਿ ਕੀ ਸਰਨਾਇ ॥
ਕੀਜੈ ਨਾਮੁ ਰਹੇ ਗੁਨ ਗਾਇ ॥[13]

ਸੰਸਾਰ ਦੀ ਅਸਥਿਰਤਾ ਨੂੰ ਸਮਝ ਕੇ ਮਨ ਵਿੱਚੋਂ ਮੋਹ, ਅਹੰਕਾਰ, ਲਾਲਚ ਅਤੇ ਗ਼ਲਤ ਦਾ ਤਿਆਗ ਕਰਨਾ ਹੀ ਬਾਣੀ ਦਾ ਸੰਦੇਸ਼ ਹੈ ਜਿਸ ਰਾਹੀਂ ਵੈਰਾਗ ਦਾ ਸੰਕਲਪ ਵੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਉੱਭਰ ਕੇ ਆਉਂਦਾ ਹੈ। ਜਿਸ ਤਰ੍ਹਾਂ ਸੰਸਾਰ ਨੂੰ ਨਾਸ਼ਵੰਤ ਦੱਸਦਿਆਂ ਹੋਇਆਂ ਦੇਹ, ਧਨ, ਪਰਿਵਾਰ ਅਤੇ ਸਭ ਕੁਝ ਬਣਾਵਟੀ ਹੈ। ਇਸ ਸੱਚੀ ਸਮਝ ਤੋਂ ਹੀ ਵੈਰਾਗ ਉਤਪੰਨ ਹੁੰਦਾ ਹੈ। ਇਹ ਬੋਧ ਮਨੁੱਖ ਨੂੰ ਸਦੀਵੀ ਸੱਚ ਵੱਲ ਮੋੜਦਾ ਹੈ। ਗੁਰੂ ਤੇਗ ਬਹਾਦਰ ਜੀ ਦਾ ਵੈਰਾਗ ਮਾਇਆ ਨਾਲ ਰਹਿ ਕੇ ਨਹੀਂ ਸਗੋਂ ਮਾਇਆ ਵਿੱਚ ਰਹਿੰਦੇ


© Copyright @ Authors

ਹੋਏ ਉਸ ਤੋਂ ਅਸਰਹੀਣ ਰਹਿਣ ਦੀ ਸਿੱਖਿਆ ਦਿੰਦਾ ਹੈ।ਇਸੇ ਮੋਹ ਮਾਇਆ ਅਤੇ ਵਿਕਾਰਾਂ ਦੇ ਜਾਲ ਵਿੱਚ ਉਲਝੇ ਮਨੁੱਖ ਨੂੰ ਵਾਰ -ਵਾਰ ਇਸ ਅਸੰਤੁਸ਼ਟ ਮਨੁੱਖੀ ਜੀਵਨ ਨੂੰ ਤਿਆਗ ਕੇ ਨਿਰੰਕਾਰ ਤੇ ਭਰੋਸਾ ਕਰਦਿਆਂ ਲਿਖਦੇ ਹਨ ਕਿ

ਕਹਾ ਨਰ ਅਪਨੋ ਜਨਮੁ ਗਵਾਵੈ ॥
ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀਂ ਆਵੈ ॥੧॥ ਰਹਾਉ ॥
ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ ॥
ਜੋ ਉਪਜੇ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ ॥੧॥
ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ ॥
ਜਨ ਨਾਨਕ ਸੋਊ ਜਨੁ ਮੁਕਤਾ ਰਾਮ ਭਜਨ ਚਿਤੁ ਲਾਵੈ ॥[14]

ਜਿਹੜਾ ਮਨੁੱਖ ਪਰਮਾਤਮਾ ਦੇ ਨਾਮ ਨਾਲ ਜੁੜਦਾ ਹੈ, ਉਹ ਦੁੱਖ-ਸੁੱਖ, ਲਾਭ-ਹਾਨੀ ਅਤੇ ਮਾਨ-ਅਪਮਾਨ ਤੋਂ ਉੱਪਰ ਉੱਠ ਜਾਂਦਾ ਹੈ। ਅਜਿਹਾ ਮਨੁੱਖ ਮਾਇਆ ਦੇ ਪ੍ਰਭਾਵ ਤੋਂ ਆਜ਼ਾਦ ਹੋ ਕੇ ਆਤਮਿਕ ਸ਼ਾਂਤੀ ਪ੍ਰਾਪਤ ਕਰਦਾ ਹੈ। ਸਲੋਕਾਂ ਵਿੱਚ ਉਹ ਕਹਿੰਦੇ ਹਨ ਕਿ ਧਨ, ਪਰਿਵਾਰ, ਸਰੀਰ ਇਹ ਸਭ ਅਸਥਾਈ ਹਨ। ਜੇ ਮਨੁੱਖ ਇਨ੍ਹਾਂ ਨਾਲ ਅਟੁੱਟ ਮੋਹ ਪਾ ਲੈਂਦਾ ਹੈ ਤਾਂ ਉਹ ਬੰਧਨਾਂ ਵਿੱਚ ਫਸ ਜਾਂਦਾ ਹੈ ਪਰ ਜੇ ਇਨ੍ਹਾਂ ਨੂੰ ਭਰਮ ਜਾਣ ਕੇ ਨਾਮ ਵੱਲ ਮੁੜਦਾ ਹੈ ਤਾਂ ਉਹੀ ਮੁਕਤੀ ਦੇ ਰਾਹ 'ਤੇ ਤੁਰਦਾ ਹੈ।

ਮੁਕਤੀ ਲਈ ਵੈਰਾਗ ਅਤਿ ਜ਼ਰੂਰੀ ਹੈ। ਗੁਰੂ ਜੀ ਸੰਨਿਆਸ ਦੀ ਗੱਲ ਨਹੀਂ ਕਰਦੇ, ਸਗੋਂ ਗ੍ਰਹਿਸਥ ਵਿੱਚ ਰਹਿ ਕੇ ਮਨ ਨੂੰ ਵਾਸਨਾਵਾਂ ਤੋਂ ਆਜ਼ਾਦ ਕਰਨ ਦੀ ਸਿੱਖਿਆ ਦਿੰਦੇ ਹਨ। ਮਨ ਦੀ ਚੰਚਲਤਾ ਤਿਆਗਣਾ ਅਤੇ ਅਹੰਕਾਰ ਨੂੰ ਜਿੱਤਣਾ ਹੀ ਅਸਲ ਮੁਕਤੀ ਹੈ। ਇਸੇ ਸੰਦਰਭ ਵਿੱਚ ਡਾ. ਵਿਸ਼ਵਨਾਥ ਤਿਵਾੜੀ ਜੀ ਦਾ ਵਿਚਾਰ ਹੈ ਕਿ

"ਗੁਰੂ ਜੀ ਦੀ ਸਾਰੀ ਯਾਤਰਾ ਅੰਤਰਮੁਖੀ ਹੈ। ਮਨ ਦਾ ਮੈਲ ਤਿਆਗਣ ਲਈ ਹੈ। ਲੋਭ, ਮੋਹ ਤੇ ਅਹੰਕਾਰ ਨੂੰ ਮਾਰਨ ਦਾ ਸੰਦੇਸ਼ ਹ"[15]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਕੇਂਦਰੀ ਨੁਕਤਾ ਮਨੁੱਖੀ ਮਨ ਨੂੰ ਆਪਣੇ ਦੁਆਲੇ ਦੇ ਬੰਧਨਾਂ ਤੋਂ ਮੁਕਤ ਹੋ ਕੇ ਆਤਮਿਕ ਸੁੱਖ ਯਕੀਨਨ ਦਾ ਤਿਆਗ ਕਰਕੇ ਨਿਰੰਕਾਰ ਦੀ ਦਾਤ ਪ੍ਰਮਾਤਮਾ ਦੇ ਨਾਮ ਸਿਮਰਨ ਕਰਨ ਅਤੇ ਸੰਸਾਰਕ ਉਪਲਬੱਧੀਆਂ ਅਤੇ ਨਿਰਲੇਪਤਾ ਦੇ ਰਾਹ ਤੇ ਚੱਲਣ ਦਾ ਸੰਦੇਸ਼ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸਮੁੱਚੇ ਜੁਜ਼ ਨਾਸ਼ਮਾਨਤਾ ,ਵੈਰਾਗ, ਮਾਇਆ ਤੋਂ ਨਿਰਲੇਪਤਾ ,ਨੈਤਿਕ ਜੀਵਨ ਆਦਿ ਜੀਵਨ ਮੁਕਤੀ ਦੇ ਥੀਮ ਵਜੋਂ ਹਾਜਰ ਹੁੰਦੇ ਹਨ । ਉਨ੍ਹਾਂ ਦੀ ਬਾਣੀ ਮਨੁੱਖ ਨੂੰ ਆਤਮਿਕ ਸਥਿਰਤਾ, ਨੈਤਿਕ ਜੀਵਨ ਅਤੇ ਅੰਦਰੂਨੀ ਮੁਕਤੀ ਦਾ ਦਿਸ਼ਾ ਨਿਰਦੇਸ਼ ਦਿੰਦੀ ਹੈ।

**ਹਵਾਲੇ ਅਤੇ ਟਿੱਪਣੀਆਂ –**

1. ਡਾ.ਰਤਨ ਸਿੰਘ ਜੱਗੀ ,ਸਾਹਿਤ ਕੋਸ਼ : ਪਰਿਭਾਸ਼ਕ ਸ਼ਬਦਾਵਲੀ, ਪੰਨਾ ਨੰ-583
2. ਮਹਿੰਦਰ ਕੌਰ ਗਿੱਲ,ਗੁਰੂ ਤੇਗ ਬਹਾਦਰ ਬਾਣੀ- ਅਧਿਅਨ, ਪੰਨਾ ਨੰ-22
3. ਵਿਸ਼ਵਨਾਥ ਤਿਵਾੜੀ,ਸਿਮਰਨ ਤੋਂ ਸ਼ਹਾਦਤ ਤੀਕ,ਪੰਨਾ ਨੰ-42
4. ਮਹਿੰਦਰ ਕੌਰ ਗਿੱਲ,ਗੁਰੂ ਤੇਗ ਬਹਾਦਰ ਬਾਣੀ- ਅਧਿਅਨ, ਪੰਨਾ ਨੰ-76
5. ਵਿਸ਼ਵਨਾਥ ਤਿਵਾੜੀ,ਸਿਮਰਨ ਤੋਂ ਸ਼ਹਾਦਤ ਤੀਕ, ਪੰਨਾ ਨੰ-42
6. ਮਹਿੰਦਰ ਕੌਰ ਗਿੱਲ,ਗੁਰੂ ਤੇਗ ਬਹਾਦਰ ਬਾਣੀ- ਅਧਿਅਨ, ਪੰਨਾ ਨੰ-50
7. ਵਿਸ਼ਵਨਾਥ ਤਿਵਾੜੀ,ਸਿਮਰਨ ਤੋਂ ਸ਼ਹਾਦਤ ਤੀਕ, ਪੰਨਾ ਨੰ-45
8. ਵਿਸ਼ਵਨਾਥ ਤਿਵਾੜੀ,ਸਿਮਰਨ ਤੋਂ ਸ਼ਹਾਦਤ ਤੀਕ, ਪੰਨਾ ਨੰ-41
9. ਉਹੀ , ਪੰਨਾ ਨੰ-63
10. ਉਹੀ, ਪੰਨਾ ਨੰ-43
11. ਉਹੀ, ਪੰਨਾ ਨੰ-46
12. ਉਹੀ, ਪੰਨਾ ਨੰ-47
13. ਉਹੀ, ਪੰਨਾ ਨੰ-56
14. ਉਹੀ, ਪੰਨਾ ਨੰ-58
15. ਉਹੀ, ਪੰਨਾ ਨੰ-112


© Copyright @ Authors